# ਬੀ ਸੀ ਫਾਰਮਾਕੇਅਰ

## ਬਲੱਡ ਗਲੂਕੋਜ਼ ਟੈਸਟ ਦੀਆਂ ਸਟ੍ਰਿਪਾਂ

ਬੀ ਸੀ ਫਾਰਮਾਕੇਅਰ ਸਾਲ ਵਿੱਚ ਬਲੱਡ ਗਲੂਕੋਜ਼ ਟੈਸਟ ਦੀਆਂ ਸਟ੍ਰਿਪਾਂ ਨੂੰ ਇੱਕ ਖਾਸ ਗਿਣਤੀ ਤੱਕ ਕਵਰ ਕਰਦਾ ਹੈ, ਜੋ ਤੁਹਾਡੇ ਹੋ ਰਹੇ ਸ਼ੂਗਰ ਦੇ ਇਲਾਜ 'ਤੇ ਨਿਰਭਰ ਹੁੰਦਾ ਹੈ।

### ਸਾਲਾਨਾ ਟੈਸਟ ਸਟ੍ਰਿਪਾਂ ਦੀ ਸੀਮਾ

ਜੇ ਤੁਸੀਂ ਇਲਾਜ ਦੀਆਂ ਇਨ੍ਹਾਂ ਸ਼੍ਰੈਣੀਆਂ ਵਿੱਚੋਂ ਇੱਕ ਤੋਂ ਵੱਧ ਵਿੱਚ ਹੋ, ਤਾਂ ਤੁਹਾਨੂੰ ਉੱਚ ਸੀਮਾ ਵਿੱਚ ਕਵਰ ਕੀਤਾ ਜਾਂਦਾ ਹੈ:

ਇੰਸੁਲਿਨ ਦੇ ਨਾਲ ਅਤੇ ਨਿਰੰਤਰ ਜਾਂ ਫਲੈਸ਼ ਗਲੂਕੋਜ਼ ਮਾਨੀਟਰ ਤੋਂ ਬਿਨਾਂ। **ਸਾਲਾਨਾ ਸੀਮਾ:** 3000

ਇੰਸੁਲਿਨ ਦੇ ਨਾਲ ਅਤੇ ਲਗਾਤਾਰ ਜਾਂ ਫਲੈਸ਼ ਗਲੂਕੋਜ਼ ਮਾਨੀਟਰ ਦੇ ਨਾਲ। **ਸਾਲਾਨਾ ਸੀਮਾ:** 200

ਹਾਈਪੋਗਲਾਈਸੀਮੀਆ (ਉਦਾਹਰਨ ਲਈ, ਇੰਸੁਲਿਨ ਸੀਕਰੇਟੈਗੌਗਸ - ਸਲਫੋਨੀਲੂਰੀਆ ਜਿਵੇਂ ਕਿ ਗਲਾਈਬਰਾਈਡ, ਅਤੇ ਮੈਗਲੀਟਾਈਨਾਈਡਸ ਜਿਵੇਂ ਕਿ ਰੀਪੈਗਲਿਨਾਈਡ) ਪੈਦਾ ਕਰਨ ਦੇ ਵਧੇਰੇ ਖਤਰੇ ਵਾਲੇ ਐਂਟੀ-ਹਾਈਪਰਗਲਾਈਸੀਮਿਕਸ। **ਸਾਲਾਨਾ ਸੀਮਾ:** 400

ਹਾਈਪੋਗਲਾਈਸੀਮੀਆ (ਉਦਾਹਰਨ ਵਜੋਂ, ਅਲਫ਼ਾ-ਗਲੂਕੋਸੀਡੇਸ ਇਨਿਹਿਬਟਰਜ਼ ਜਿਵੇਂ ਕਿ ਐਕਰਾਬੋਸ; ਬਿਗੁਆਨਾਈਡਸ ਜਿਵੇਂ ਕਿ ਮੈਟਫੋਰਮਿਨ; ਡਿਪਿਪਟੀਡਲ ਪੈਪਟੀਡੇਜ਼-4 (DPP-4) ਇਨਿਹਿਬਟਰਸ ਜਿਵੇਂ ਕਿ ਲੀਨਾਗਲਿਪਟਿਨ; ਇਨਸਰੀਟਿਨ ਮਿਮੈਟਿਕਸ/ਗਲੂਕਾਗੋਨ-ਲਿਕੇ ਪਿਪਟਾਈਡ (GLP-1) ਐਗੋਨਿਸਟਸ ਜਿਵੇਂ ਕਿ ਸੈਮਾਗਲੂਟਾਇਡ ; ਸੋਡੀਅਮ-ਗਲੂਕੋਜ਼ ਕੋਟ੍ਰਾਂਸਪੋਰਟਰ 2 (SGLT2) ਇਨਿਹਿਬਟਰਜ਼ ਜਿਵੇਂ ਕਿ ਐਮਪੈਗਲੀਫਲੋਜ਼ਿਨ; ਥੀਆਜ਼ੋਲੀਡੀਨੇਡੀਓਨਜ਼ (TZDs), ਜਿਵੇਂ ਕਿ ਪਿਓਗਲਿਟਾਜ਼ੋਨ) ਪੈਦਾ ਕਰਨ ਦੇ ਘੱਟ ਖਤਰੇ ਵਾਲੇ ਐਂਟੀ-ਹਾਈਪਰਗਲਾਈਸੀਮਿਕਸ। **ਸਾਲਾਨਾ ਸੀਮਾ:** 200

ਖੁਰਾਕ / ਕਸਰਤ। **ਸਾਲਾਨਾ ਸੀਮਾ:** 200

- ਜਦੋਂ ਤੁਸੀਂ ਟੈਸਟ ਸਟ੍ਰਿਪਾਂ ਖ਼੍ਰੀਦਦੇ ਹੋ, ਤਾਂ ਕੰਪਿਊਟਰ ਸਿਸਟਮ (PharmaNet) ਤੁਹਾਡੀ ਸਾਲਾਨਾ ਸੀਮਾ ਤੋਂ ਉਹ ਰਕਮ ਕੱਟ ਲੈਂਦਾ ਹੈ।
- ਜੇ ਤੁਸੀਂ ਇਲਾਜ ਬਦਲਦੇ ਹੋ, ਤਾਂ ਤੁਹਾਡੀ ਸਾਲਾਨਾ ਸੀਮਾ ਫਾਰਮਾਨੈੱਟ ਵਿੱਚ ਆਪਣੇ ਆਪ ਅੱਪਡੇਟ ਹੋ ਜਾਂਦੀ ਹੈ
- ਇਹ ਜਾਣਨ ਲਈ ਕਿ ਤੁਹਾਡੀਆਂ ਕਿੰਨੀਆਂ ਸਟ੍ਰਿਪਾਂ ਬਚੀਆਂ ਹਨ, HIBC ਨੂੰ (ਹੇਠਾਂ ਦਿੱਤੇ ਨੰਬਰ) 'ਤੇ ਕਾਲ ਕਰੋ।
- ਯਕੀਨੀ ਬਣਾਓ ਕਿ ਜਿਹੜੀਆਂ ਸਟ੍ਰਿਪਾਂ ਤੁਸੀਂ ਖ਼੍ਰੀਦਦੇ ਹੋ ਉਨ੍ਹਾਂ ਦੀ ਮਿਆਦ ਪੁੱਗਣ ਦੀ ਮਿਤੀ ਭਵਿੱਖ ਵਿੱਚ ਕਾਫ਼ੀ ਦੂਰ ਹੋਵੇ
- ਆਪਣੇ ਡਾਕਟਰ ਜਾਂ ਡਾਇਬੀਟੀਜ਼ ਐਜੁਕੇਟਰ ਨਾਲ ਗੱਲ ਕਰੋ ਕਿ ਕਿੰਨੀ ਵਾਰ ਜਾਂਚ ਕਰਨੀ ਹੈ, ਜਾਂ diabetes.ca/takecharge 'ਤੇ ਜਾਓ।

### ਜੇ ਤੁਹਾਨੂੰ ਹੋਰ ਸਟ੍ਰਿਪਾਂ ਦੀ ਲੋੜ ਹੋਵੇ

ਤੁਹਾਡਾ ਡਾਕਟਰ ਜਾਂ ਡਾਇਬੀਟੀਜ਼ ਐਜੁਕੇਸ਼ਨ ਸੈਂਟਰ ਫਾਰਮਾਕੇਅਰ ਤੋਂ ਵਾਧੂ ਸਟ੍ਰਿਪਾਂ ਦੀ ਕਵਰੇਜ ਲਈ ਬੇਨਤੀ ਕਰ ਸਕਦਾ ਹੈ ਹੋ ਜੇ ਤੁਹਾਨੂੰ ਜ਼ਿਆਦਾ ਵਾਰ ਟੈਸਟ ਕਰਨ ਦੀ ਲੋੜ ਹੋਵੇ, ਤੁਸੀਂ ਇੰਸੁਲਿਨ ਦੀ ਵਰਤੋਂ ਨਹੀਂ ਕਰ ਰਹੇ ਹੋ, ਅਤੇ:

- ਤੁਸੀਂ 3 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਡਾਕਟਰ ਦੁਆਰਾ ਨਿਰਧਾਰਤ ਖੂਨ ਵਿੱਚ ਗਲੂਕੋਜ਼ ਪੱਧਰ ਦੇ ਟੀਚਿਆਂ ਨੂੰ ਪੂਰਾ ਨਹੀਂ ਕੀਤਾ
- ਤੁਹਾਨੂੰ ਕੋਈ ਗੰਭੀਰ ਬਿਮਾਰੀ ਜਾਂ ਸਥਿਤੀ ਹੈ ਜੋ ਤੁਹਾਡੇ ਖੂਨ ਵਿੱਚ ਗਲੂਕੋਜ਼ ਕੰਟਰੋਲ ਨੂੰ ਪ੍ਰਭਾਵਤ ਕਰ ਸਕਦੀ ਹੋਵੇ ਹੈ
- ਤੁਸੀਂ ਉਹ ਦਵਾਈਆਂ ਸ਼ੁਰੂ ਕੀਤੀਆਂ ਜਾਂ ਬੰਦ ਕੀਤੀਆਂ ਹਨ ਜੋ ਹਾਈਪੋ - ਜਾਂ ਹਾਈਪਰਗਲਾਈਸੀਮੀਆ ਪੈਦਾ ਕਰਦੀਆਂ ਹਨ
- ਤੁਸੀਂ ਉਹ ਨੌਕਰੀ ਕਰਦੇ ਹੋ ਜਿੱਥੇ ਹਾਈਪੋਗਲਾਈਸੀਮੀਆ ਇੱਕ ਮਹੱਤਵਪੂਰਨ ਸੁਰੱਖਿਆ ਖਤਰਾ ਹੈ (ਉਦਾਹਰਨ ਲਈ, ਪਾਇਲਟ, ਕਮੱਰਸ਼ਿਅਲ ਡਰਾਈਵਰ)
- ਜੈਸਟੇਸ਼ਨਲ (ਗਰਭਕਾਲੀ) ਸ਼ੂਗਰ

ਵਿਰਲੇ ਜਾਂ ਟਾਂਵੇ ਕੇਸਾਂ ਵਿੱਚ, ਜੇ ਤੁਹਾਨੂੰ ਜ਼ਿਆਦਾ ਵਾਰ ਜਾਂਚ ਕਰਨ ਦੀ ਡਾਕਟਰੀ ਲੋੜ ਹੋਵੇ, ਜਾਂ ਇੰਸੁਲਿਨ ਲੈਂਦੇ ਹੋਣ ਕਰਕੇ ਜ਼ਿਆਦਾ ਵਾਰ ਜਾਂਚ ਕਰਨ ਦੀ ਡਾਕਟਰੀ ਲੋੜ ਹੋਵੇ ਤਾਂ ਤੁਹਾਡਾ ਐਂਡੋਕਰੀਨੋਲੋਜਿਸਟ ਵਾਧੂ ਸਟ੍ਰਿਪਾਂ ਲਈ ਫਾਰਮਾਕੇਅਰ ਨੂੰ ਬੇਨਤੀ ਭੇਜ ਸਕਦਾ ਹੈ।

**ਸਵਾਲ?**

ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ - ਸ਼ਾਮ 8 ਵਜੇ ਅਤੇ ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ 1 800 663-7100 'ਤੇ ਕਾਲ ਕਰੋ।